# ਸਿਕਿਓਰਿਟੀ ਡਿਪਾਜ਼ਿਟ ਦੇ ਬਦਲੇ ਮਾਸਿਕ ਫੀਸ –ਡਿਸਕਲੋਜ਼ਰ ਫਾਰਮ

## ਤੁਸੀਂ ਸਿਕਿਓਰਿਟੀ ਡਿਪਾਜ਼ਿਟ ਦੀ ਬਜਾਏ ਮਾਸਿਕ ਫੀਸ ਦਾ ਭੁਗਤਾਨ ਕਰ ਸਕਦੇ ਹੋ।

ਇਹ ਫੀਸ ਕੋਈ ਸਿਕਿਓਰਿਟੀ ਡਿਪਾਜ਼ਿਟ ਨਹੀਂ ਹੈ ਅਤੇ ਜਦੋਂ ਤੁਸੀਂ ਮਕਾਨ ਖਾਲੀ ਕਰਕੇ ਜਾਓਗੇ ਤਾਂ ਇਹ ਫੀਸ ਤੁਹਾਨੂੰ ਵਾਪਸ ਨਹੀਂ ਕੀਤੀ ਜਾਵੇਗੀ। ਇਸ ਫੀਸ ਦਾ ਭੁਗਤਾਨ ਕਰਨ 'ਤੇ, ਮਕਾਨ ਮਾਲਕ ਤੁਹਾਨੂੰ ਬਿਨਾਂ ਕੋਈ ਸਿਕਿਓਰਿਟੀ ਡਿਪਾਜ਼ਿਟ ਜਮ੍ਹਾਂ ਕਰਵਾਏ, ਮਕਾਨ ਵਿੱਚ ਰਹਿਣ ਦੀ ਇਜਾਜ਼ਤ ਦੇ ਰਿਹਾ ਹੈ। ਜੇਕਰ ਤੁਸੀਂ ਸਾਰਾ ਭੁਗਤਾਨ ਨਹੀਂ ਕਰਦੇ ਹੋ ਜਾਂ ਤੁਸੀਂ ਨਿੱਕੇ-ਮੋਟੇ ਨੁਕਸਾਨ ਤੋਂ ਇਲਾਵਾ ਮਕਾਨ ਨੂੰ ਜ਼ਿਆਦਾ ਨੁਕਸਾਨ ਪਹੁੰਚਾਉਂਦੇ ਹੋ, ਤਾਂ ਤੁਹਾਨੂੰ ਮਕਾਨ ਮਾਲਕ, ਮਕਾਨ ਮਾਲਕ ਦੀ ਬੀਮਾ ਕੰਪਨੀ ਜਾਂ ਕਰਜ਼ ਕਲੈਕਟਰ ਦੇ ਨਿਰਦੇਸ਼ ਅਨੁਸਾਰ ਭੁਗਤਾਨ ਨਾ ਕੀਤੀ ਰਕਮ ਦਾ ਭੁਗਤਾਨ ਕਰਨ ਦੀ ਲੋੜ ਪੈ ਸਕਦੀ ਹੈ, ਇਸ ਵਿੱਚ ਨਿੱਕੇ-ਮੋਟੇ ਨੁਕਸਾਨ ਤੋਂ ਇਲਾਵਾ ਮਕਾਨ ਨੂੰ ਪਹੁੰਚਾਏ ਗਏ ਵਾਧੂ ਨੁਕਸਾਨ ਦੀ ਮੁਰੰਮਤ ਦਾ ਖ਼ਰਚਾ ਸ਼ਾਮਲ ਹੈ।

## ਵਾਸ਼ਿੰਗਟਨ ਰਾਜ ਦਾ ਕਾਨੂੰਨ ਤੁਹਾਨੂੰ ਤਿੰਨ ਵੱਖ-ਵੱਖ ਵਿਕਲਪ ਪ੍ਰਦਾਨ ਕਰਦਾ ਹੈ:

(1) ਲੀਜ਼ 'ਤੇ ਦਸਤਖਤ ਕਰਨ ਵੇਲੇ ਪੂਰੇ ਸਿਕਿਓਰਿਟੀ ਡਿਪਾਜ਼ਿਟ ਦਾ ਭੁਗਤਾਨ ਕਰਨਾ।

(2) ਜੇ ਲਾਗੂ ਹੁੰਦਾ ਹੈ, ਤਾਂ ਪੂਰੇ ਸਿਕਿਓਰਿਟੀ ਡਿਪਾਜ਼ਿਟ ਅਤੇ ਹੋਰ ਮੂਵ-ਇਨ ਫੀਸਾਂ ਦਾ ਤਿੰਨ ਕਿਸ਼ਤਾਂ ਦੇ ਵਿੱਚ-ਵਿੱਚ ਭੁਗਤਾਨ ਕਰਨਾ (ਵਧੇਰੇ ਜਾਣਕਾਰੀ ਲਈ ਹੇਠਾਂ ਦੇਖੋ)।

- ਕੁਝ ਸਥਾਨਕ ਕਾਨੂੰਨ ਥੋੜ੍ਹਾ ਵੱਧ ਸਮਾਂ ਪ੍ਰਦਾਨ ਕਰਦੇ ਹਨ।

(3) ਜੇ ਤੁਹਾਡਾ ਮਕਾਨ ਮਾਲਕ ਤੁਹਾਨੂੰ ਇਹ ਵਿਕਲਪ ਦਿੰਦਾ ਹੈ, ਤਾਂ ਸਿਕਿਓਰਿਟੀ ਡਿਪਾਜ਼ਿਟ ਦੀ ਬਜਾਏ ਮਾਸਿਕ ਡਿਪਾਜ਼ਿਟ ਛੋਟ ਫੀਸ ਦਾ ਭੁਗਤਾਨ ਕਰਨਾ। ਜੇ ਤੁਸੀਂ ਇਸ ਵਿਕਲਪ ਦੀ ਚੋਣ ਕਰਦੇ ਹੋ, ਤਾਂ ਤੁਸੀਂ ਸਿਕਿਓਰਿਟੀ ਡਿਪਾਜ਼ਿਟ ਜਾਂ ਆਖਰੀ ਮਹੀਨੇ ਦੇ ਕਿਰਾਏ ਦਾ ਅਗਾਊਂ ਭੁਗਤਾਨ ਨਹੀਂ ਕਰੋਗੇ। ਤੁਹਾਨੂੰ $______________ ਦਾ ਸਿਕਿਓਰਿਟੀ ਡਿਪਾਜ਼ਿਟ ਅਤੇ/ਜਾਂ ਆਖਰੀ ਮਹੀਨੇ ਦਾ ਕਿਰਾਇਆ ਜਮ੍ਹਾਂ ਕਰਵਾਉਣ ਦੀ ਬਜਾਏ, ਆਪਣੇ ਮਾਸਿਕ ਕਿਰਾਏ ਦੇ ਨਾਲ-ਨਾਲ ਹਰ ਮਹੀਨੇ $______________ ਦੀ ਫੀਸ ਦੇਣੀ ਪਵੇਗੀ।

ਜੇਕਰ ਤੁਸੀਂ ਸਿਕਿਓਰਿਟੀ ਡਿਪਾਜ਼ਿਟ ਦੀ ਬਜਾਏ ਮਾਸਿਕ ਡਿਪਾਜ਼ਿਟ ਛੋਟ ਫੀਸ ਦਾ ਭੁਗਤਾਨ ਕਰਨ ਦੀ ਚੋਣ ਕਰਦੇ ਹੋ, ਤਾਂ ਹੇਠਾਂ ਉਹ ਰਕਮ ਦੱਸੀ ਗਈ ਹੈ ਜਿਸਦਾ ਤੁਸੀਂ ਇੱਕਮੁਸ਼ਤ ਡਿਪਾਜ਼ਿਟ ਦੇਣ ਦੀ ਥਾਂ ਲੀਜ਼ ਦੀ ਮਿਆਦ ਦੌਰਾਨ ਭੁਗਤਾਨ ਕਰੋਗੇ:

| | |
|---|---|
| ਵਾਪਸ ਨਾ ਮਿਲਣ ਵਾਲੀ ਮਾਸਿਕ ਡਿਪਾਜ਼ਿਟ ਛੋਟ ਫੀਸ:<br>______________<br>ਲੀਜ਼ ਦੀ ਮਿਆਦ ਦੇ ਦੌਰਾਨ ਮਾਸਿਕ ਫੀਸਾਂ ਦੀ ਕੁੱਲ ਲਾਗਤ:<br>______________ | ਵਾਪਸ ਮਿਲਣ ਵਾਲਾ ਇੱਕਮੁਸ਼ਤ ਸਿਕਿਓਰਿਟੀ ਡਿਪਾਜ਼ਿਟ:<br>______________ |

ਜੇਕਰ ਤੁਹਾਡੀ ਕਿਰਾਏਦਾਰੀ ਖਤਮ ਹੋ ਜਾਂਦੀ ਹੈ ਅਤੇ ਤੁਸੀਂ ਲੀਜ਼ ਦੇ ਅਨੁਸਾਰ ਕਿਰਾਇਆ ਜਾਂ ਹੋਰ ਬਕਾਇਆ ਰਕਮਾਂ ਦਾ ਭੁਗਤਾਨ ਨਹੀਂ ਕੀਤਾ ਹੈ, ਅਤੇ ਤੁਸੀਂ ਨਿੱਕੇ-ਮੋਟੇ ਨੁਕਸਾਨ ਤੋਂ ਇਲਾਵਾ ਮਕਾਨ ਨੂੰ ਪਹੁੰਚਾਏ ਗਏ ਵਾਧੂ ਨੁਕਸਾਨ ਦੀ ਮੁਰੰਮਤ ਲਈ ਭੁਗਤਾਨ ਨਹੀਂ ਕੀਤਾ ਹੈ, ਤਾਂ ਬੀਮਾ ਕਵਰੇਜ ਤੁਹਾਡੇ ਮਕਾਨ ਮਾਲਕ ਨੂੰ ਨਿਮਨਲਿਖਤ ਰਕਮ ਤੱਕ ਦਾ ਭੁਗਤਾਨ ਕਰੇਗੀ:

$______________ ਭੁਗਤਾਨ ਨਾ ਕੀਤੇ ਕਿਰਾਏ ਅਤੇ ਫੀਸ ਦਾ ਭੁਗਤਾਨ ਅਤੇ

$______________ ਕਿਸੇ ਵੀ ਨੁਕਸਾਨ ਦੇ ਲਈ ਭੁਗਤਾਨ।

ਕੁੱਲ ਕਵਰੇਜ: $______________

ਮਹੱਤਵਪੂਰਨ: ਜੇ ਤੁਸੀਂ ਸਿਕਿਓਰਿਟੀ ਡਿਪਾਜ਼ਿਟ ਦੀ ਬਜਾਏ ਹਰ ਮਹੀਨੇ ਫੀਸ ਦੇਣ ਦੀ ਚੋਣ ਕਰਦੇ ਹੋ, ਤਾਂ:

(1) ਤੁਸੀਂ ਮਕਾਨ ਮਾਲਕ ਦੁਆਰਾ ਤੁਹਾਡੀ ਫੀਸ ਦੀ ਵਰਤੋਂ ਕਰਕੇ ਖਰੀਦੀ ਗਈ ਬੀਮਾ ਪਾਲਸੀ ਦੇ ਤਹਿਤ ਇੱਕ ਬੀਮਾਯੁਕਤ ਧਿਰ ਨਹੀਂ ਹੋ;

(2) ਤੁਸੀਂ ਉਸ ਬੀਮਾ ਪਾਲਸੀ ਦੇ ਤਹਿਤ ਕਿਸੇ ਵੀ ਬੀਮਾ ਕਵਰੇਜ ਜਾਂ ਬੀਮੇ ਦੇ ਕਿਸੇ ਵੀ ਲਾਭ ਦੇ ਲਾਭਪਾਤਰ ਨਹੀਂ ਹੋ ਜਿਸ ਨੂੰ ਮਕਾਨ ਮਾਲਕ ਤੁਹਾਡੀ ਫੀਸ ਦੀ ਵਰਤੋਂ ਕਰਕੇ ਖਰੀਦਦਾ ਹੈ; ਅਤੇ

(3) ਤੁਸੀਂ ਅਜੇ ਵੀ ਕਿਰਾਏ ਅਤੇ ਲੀਜ਼ ਵਿੱਚ ਦੱਸੀਆਂ ਸਾਰੀਆਂ ਲੋੜੀਂਦੀਆਂ ਅਦਾਇਗੀਆਂ ਦਾ ਭੁਗਤਾਨ ਕਰਨ ਲਈ ਵਚਨਬੱਧ ਹੋ, ਇਸ ਵਿੱਚ ਨਿੱਕੇ-ਮੋਟੇ ਨੁਕਸਾਨ ਤੋਂ ਇਲਾਵਾ ਮਕਾਨ ਨੂੰ ਪਹੁੰਚਾਏ ਗਏ ਵਾਧੂ ਨੁਕਸਾਨ ਦੀ ਮੁਰੰਮਤ ਦਾ ਖ਼ਰਚਾ ਵੀ ਸ਼ਾਮਲ ਹੈ।

ਬੀਮਾ ਕੰਪਨੀ ਕੋਲ ਕੋਈ ਵੀ ਦਾਅਵੇ ਦਾਇਰ ਕਰਨ ਤੋਂ ਪਹਿਲਾਂ ਮਕਾਨ ਮਾਲਕ ਤੁਹਾਡੇ ਕੋਲੋਂ ਭੁਗਤਾਨ ਪ੍ਰਾਪਤ ਕਰਨ ਦੀ ਮੰਗ ਕਰ ਸਕਦਾ ਹੈ। ਜੇ ਤੁਸੀਂ ਮਕਾਨ ਮਾਲਕ ਨੂੰ ਭੁਗਤਾਨ ਨਾ ਕੀਤੇ ਕਿਰਾਏ ਜਾਂ ਅਦਾ ਨਾ ਕੀਤੇ ਹੋਰ ਭੁਗਤਾਨਾਂ ਜਾਂ ਨਿੱਕੇ-ਮੋਟੇ ਨੁਕਸਾਨ ਤੋਂ ਇਲਾਵਾ ਮਕਾਨ ਨੂੰ ਪਹੁੰਚਾਏ ਗਏ ਵਾਧੂ ਨੁਕਸਾਨ ਦੀ ਮੁਰੰਮਤ ਦੇ ਖ਼ਰਚੇ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦੇ ਹੋ, ਅਤੇ ਤੁਹਾਡੀ ਬਜਾਏ ਬੀਮਾ ਕੰਪਨੀ ਮਕਾਨ ਮਾਲਕ ਨੂੰ ਇਸਦਾ ਭੁਗਤਾਨ ਕਰਦੀ ਹੈ, ਤਾਂ ਬੀਮਾ ਕੰਪਨੀ ਆਪਣੇ ਵੱਲੋਂ ਮਕਾਨ ਮਾਲਕ ਨੂੰ ਕੀਤੇ ਭੁਗਤਾਨਾਂ ਦੀ ਭਰਪਾਈ ਤੁਹਾਡੇ ਕੋਲੋਂ ਪ੍ਰਾਪਤ ਕਰਨ ਦੀ ਮੰਗ ਕਰ ਸਕਦੀ ਹੈ।

ਜੇ ਤੁਸੀਂ ਸਿਕਿਓਰਿਟੀ ਡਿਪਾਜ਼ਿਟ ਦੀ ਬਜਾਏ ਹਰ ਮਹੀਨੇ ਫੀਸ ਦਾ ਭੁਗਤਾਨ ਕਰਨ ਦੀ ਚੋਣ ਕਰਦੇ ਹੋ, ਤਾਂ ਤੁਸੀਂ ਕਿਸੇ ਵੀ ਸਮੇਂ ਮਕਾਨ ਮਾਲਕ ਨੂੰ $___________ ਦੇ ਸਿਕਿਓਰਿਟੀ ਡਿਪਾਜ਼ਿਟ ਦਾ ਭੁਗਤਾਨ ਕਰ ਸਕਦੇ ਹੋ ਅਤੇ ਸਿਕਿਓਰਿਟੀ ਡਿਪਾਜ਼ਿਟ ਦਾ ਭੁਗਤਾਨ ਕਰਨ ਦੇ ਅਗਲੇ ਮਹੀਨੇ ਦੇ ਸ਼ੁਰੂ ਤੋਂ ਆਵਰਤੀ ਫੀਸ ਦਾ ਭੁਗਤਾਨ ਕਰਨਾ ਬੰਦ ਕਰ ਸਕਦੇ ਹੋ।